## ਕਦਿ ਨਾਨਕ ਆਵੈ ਵਾਰੀ:

ਰਾਗੁ ਗਉੜੀ ੧੧ ॥
ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ ॥
ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ ॥੧॥

ਇਹ ਸ਼ਬਦ ਭਗਤ ਕਬੀਰ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਰਾਗ ਗਉੜੀ ਵਿਚ ਅੰਕਿਤ ਹੈ। ਇਸ ਨੂੰ ੧੧ਵੇਂ ਘਰ ਵਿਚ ਗਾਉਣ ਦਾ ਹੁਕਮ ਹੈ।
ਭਗਤ ਕਬੀਰ ਜੀ ਇਕ ਸੁੰਦਰ ਨਜ਼ਾਰਾ ਬੰਨ੍ਹਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਇਕ ਥਾਂ ਆਸ ਪਾਸ ਤੁਲਸੀ ਆਦਿ ਸੁਗੰਧਿਤ ਬੂਟਿਆਂ/ਦਰੱਖਤਾਂ ਦੇ ਸੰਘਣੇ ਜੰਗਲ ਦੇ ਬਾਗਾਂ ਦੇ ਵਿਚਾਲੇ ਇਕ ਸੋਹਣਾ ਜਿਹਾ ਰਸ-ਦਾਇਕ ਪਿੰਡ ਵਸਿਆ ਹੋਇਆ ਹੈ। ਉਸ ਪਿੰਡ ਵਿਚ ਸੁੰਦਰ ਸਰੂਪ ਵਾਲਾ ਮਨਮੋਹਕ ਸ੍ਰੀ ਕ੍ਰਿਸ਼ਨ ਰਹਿੰਦਾ ਹੈ, ਜਿਸ ਦਾ ਸਰੂਪ ਦੇਖ ਕੇ ਮੈਂ ਗੁਆਲਣ ਮੋਹੀ ਗਈ ਹਾਂ ਅਤੇ ਉਸ ਦੇ ਦਰਸ਼ਨ ਕੀਤੇ ਬਗੈਰ ਨਹੀਂ ਰਹਿ ਸਕਦੀ, ਜਿਸ ਕਰ ਕੇ ਤਰਲਾ ਕਰਦੀ ਹੈ ਕਿ ਹੇ ਕ੍ਰਿਸ਼ਨ ! ਹੁਣ ਤੂੰ ਮੇਰੇ ਕੋਲ ਹੀ ਰਹੀਂ, ਮੈਨੂੰ ਛੱਡ ਕੇ ਕਿਤੇ ਜਾਈਂ ਆਈਂ ਨਾ।

ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ॥
ਸੋ ਮਿਲੈ ਜੋ ਬਡਭਾਗੋ ॥੧॥ ਰਹਾਉ ॥

ਹੇ ਸ੍ਰਿਸ਼ਟੀ ਦੇ ਸੁਆਮੀ ! ਮੇਰਾ ਮਨ ਤੇਰੇ ਚਰਨਾਂ ਦੇ ਨਾਲ ਲਗ ਗਿਆ ਹੈ। ਉਹੀ ਤੈਨੂੰ ਮਿਲ ਸਕਦਾ ਹੈ ਜਿਸ ਦੇ ਉਤਮ ਭਾਗ ਹੋਣ।੧।ਰਹਾਉ। (ਸਾਰਿੰਗਧਰ ਦਾ

ਅਰਥ ਹੈ ਜਿਸਨੇ ਧਰਤੀ ਧਾਰਣ ਕੀਤੀ ਹੋਈ ਹੈ, ਭਾਵ ਸ੍ਰਿਸ਼ਟੀ ਦਾ ਸੁਆਮੀ)

ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ ॥
ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ ॥੨॥੨॥੧੫॥੬੬॥

ਕਿਉਂਕਿ ਬਿੰਦਰਾਬਨ ਦੇ ਜੰਗਲ ਵਿਚ ਮਹਾਰਾਜ ਸ੍ਰੀ ਕ੍ਰਿਸ਼ਨ ਜੀ ਗਊਆਂ ਚਾਰਦੇ ਹਨ ਇਸੇ ਕਰਕੇ ਬਿੰਦਰਾਬਨ ਮਨ ਨੂੰ ਮੋਹ ਕੇ ਹਰ ਲੈਣ ਵਾਲਾ ਹੈ।
ਹੇ ਜਗਤ ਦੇ ਮਾਲਕ ਮਹਾਰਾਜ ਸ੍ਰੀ ਕ੍ਰਿਸ਼ਨ ਜੀਓ ! ਉਨ੍ਹਾਂ ਗੁਆਲਣਾਂ ਦਾ ਵੀ ਤੇ ਮੇਰਾ ਵੀ ਠਾਕੁਰ, ਭਾਵ ਸੁਆਮੀ ਵੀ ਤੂੰ ਹੀ ਹੈਂ, ਰਤਾ ਕੁ ਇਧਰ ਵੀ ਨਿਗਾਹ ਕਰ ਦੇ, ਮੈਂ ਗਰੀਬ, ਜਿਸ ਦਾ ਨਾਉਂ ਕਬੀਰ ਹੈ, ਵੀ ਇਧਰ ਖੜ੍ਹਾ ਤੈਨੂੰ ਹੀ ਤੱਕ ਰਿਹਾ ਹਾਂ।
ਅਜਿਹਾ ਹੀ ਤਰਲਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਵਿਚ ਪੰਨਾ ੯੫੯ ਤੇ ਇਉਂ ਅੰਕਿਤ ਹੈ – 'ਕਰਮਹੀਣੁ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ।। ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ।।'